بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 29.04.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਪਹਿਲਾਂ ਤੋਂ ਵੱਧ ਕੇ ਇਸਲਾਮ ਦੀਆਂ ਗਲੱਾਂ ਸਿੱਖੋ ਅਤੇ ਆਪਣੇ ਮਿੱਤਰਾਂ ਨੂੰ ਦੱਸੋ ਕਿ ਅਸੀਂ ਤਾਂ ਮੁਸਲਮਾਨ ਹਨ ਅਤੇ ਇਸਲਾਮ ਦੀ ਸਿੱਖਿਆ ਉਪੱਰ ਅਮਲ ਕਰਦੇ ਹਾਂ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੂੰ ਖ਼ਾਤਾਮਨੱਬੀਯੀਨ ਮਨ੍ਹਦੇ ਹਾਂ ।
ਹਰ ਅਹਮਦੀ ਬੱਚੇ ਅਤੇ ਨੌਜੁਆਨ ਦਾ ਫ਼ਰਜ਼ ਹੈ ਕਿ ਇਸਲਾਮ ਦੀ ਹਕੀਕੀ ਸਿੱਖਿਆ ਦੀ ਪੂਰੀ ਜਾਨਕਾਰੀ ਹਾਸਲ ਕਰਨ, ਇਸ ਸਿੱਖਿਆ ਰਾਹੀਂ ਪੂਰੀ ਜਾਣਕਾਰੀ ਪ੍ਰਾਪਤ ਕਰਨ ਜਿਸ ਨੂੰ ਇਸ ਜੁੱਗ ਵਿੱਚ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਿਸਥਾਰ ਨਾਲ ਦੱਸਿਆ ਹੈ ਅਤੇ ਜਿਸ ਉਪੱਰ ਜਮਾਤ ਅਹਮਦੀਆ ਕਾਇਮ ਹੈ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 29 ਅਪ੍ਰੈਲ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਅਵੱੁਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦਾਵੇ ਅਤੇ ਜਮਾਤ ਦੀ ਸਥਪਨਾ ਤੋਂ ਲੈਕੇ ਅੱਜ ਤੱਕ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਤੇ ਆਪਦੇ ਮਨ੍ਹਣ ਵਾਲਿਆਂ ਉਪੱਰ ਮਮੁਸਲਮਾਨਾ ਵੱਲੋਂ ਨਿਰੰਤਰ ਇਹ ਆਰੋਪ ਲਾਇਆ ਜਾਂਦਾ ਹੈ ਕਿ ਸੰਭਵਤਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੇ ਆਪ ਨੂੰ ਨਬੀ ਕਹਿ ਕੇ ਜਾਂ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਨਬੀ ਮੰਨ੍ਹ ਕੇ ਖ਼ਤਮੇ ਨਬੁਵੱਤ ਦੀ ਹੇਠੀ ਕੀਤੀ ਹੈ ਜੱਦ ਕਿ ਵਾਸਤਵਿਕਤਾ ਇਹ ਹੈ ਕਿ ਇਹ ਸਾਡੇ ਉਪੱਰ ਨਿਰਾ ਝੂਠਾ ਆਰੋਪ ਹੈ ਅਤੇ ਊਜ ਹੈ । ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਿੱਖਿਆ ਅਨੁਸਾਰ ਹੀ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੀ 'ਖ਼ਾਤਮੀਯਤੇ ਨਬੁੱਵਤ' ਦੇ ਇਸ ਤੋਂ ਵੀ ਅਧਿਕ ਕਾਇਲ ਅਤੇ ਉਸ ਦਾ ਅਮਲੀ ਪ੍ਰਗਟਾਵਾ ਕਰਨ ਵਾਲੇ ਹਨ, ਜਿੰਨ੍ਹਾ ਦੂਜੇ ਮੁਸਲਮਾਨ ਫ਼ਿਰਕੇ ਉਸ ਦਾ ਪ੍ਰਗਟਾਵਾ ਕਰਦੇ ਹਨ ਸਗੋਂ ਦੂਜੇ ਮੁਸਲਮਾਨਾਂ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਇਸ ਮੁਕਾਮ ਦਾ ਲੱਖਵਾਂ ਭਾਗ ਵੀ ਨਹੀਂ ਸਮਝਿਆ ਜਿੰਨ੍ਹਾ ਰੱਬ ਦੀ ਮਿਹਰ ਨਾਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਿੱਖਿਆ ਦੇ ਸਬਬ ਅਹਮਦੀਆਂ ਨੇ ਸਮਝਿਆ ਹੈ । ਬਹਿਰਹਾਲ ਖ਼ਤਮੇ ਨਬੁਵੱਤ ਨੂੰ ਮੁੱਢ ਬਣਾਕੇ ਦੂਜੇ ਮੁਸਲਮਾਨ ਹਮੇਸ਼ਾ ਹੀ ਅਹਮਦੀਆਂ ਦੀ ਵਿਰੋਧਤਾ ਕਰਦੇ ਆਏ ਹਨ । ਮਸਜਿਦਾਂ ਵਿੱਚ ਉਸ ਦਾ ਬਹੁਤ ਪ੍ਰਗਟਵਾ ਕੀਤਾ ਜਾਂਦਾ ਹੈ । ਇੱਥੋਂ ਤੱਕ ਕਿ ਬੱਚੇ ਵੀ ਜਿੰਨ੍ਹਾ ਨੂੰ ਸ਼ਾਇਦ ਕਲਮਾ ਵੀ ਚੰਗੀ ਤਰ੍ਹਾਂ ਨ ਯਾਦ ਹੋਵੇ ਅਹਮਦੀ ਬੱਚਿਆਂ ਨੂੰ ਸਕੂਲਾਂ ਵਿੱਚ ਇਹ ਕਹਿੰਦੇ ਹਨ ਕਿ ਤੁਸੀਂ ਮੁਸਲਮਾਨ ਨਹੀਂ ਹੋ । ਕਈ ਬੱਚੇ ਬੱਚੀਆਂ ਨੇ ਮੈਂਨੂੰ ਬੀਤੇ ਦਿਨੀ ਲਿੱਖਿਆ ਕਿ ਸਾਡੇ ਨਾਲ ਇਸ ਪ੍ਰਕਾਰ ਦਾ ਵਰਤਾਉ ਹੁੰਦਾ ਹੈ । ਸੋ, ਮੈਂ ਉਹਨਾਂ ਨੂੰ ਇਹੋ ਕਹਿੰਦਾ ਹਾਂ ਕਿ ਪਹਿਲਾਂ ਤੋਂ ਵਧੱਕੇ ਇਸਲਾਮ ਦੀਆਂ ਗੱਲਾਂ ਸਿਖੱਣ ਅਤੇ ਆਪਣੇ ਮਿੱਤਰਾਂ ਨੂੰ ਦਸੱਣ ਕਿ ਅਸੀਂ ਤਾਂ ਮੁਸਲਮਾਨ ਹਨ ਅਤੇ ਇਸਲਾਮੀ ਸਿੱਖਿਆ ਉਪੱਰ ਅਮਲ ਕਰਦੇ ਹਾਂ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੂੰ

'ਖ਼ਾਤਮਨੱਬੀਯੀਨ'' ਮੰਨ੍ਹਦੇ ਹਾਂ ਅਤੇ ਆਪ ਸਲਲੱਾਹੁ ਅਲੈਹਿ ਵਸਲਅਮ ਦੀ ਪੇਸ਼ਗੋਈ (ਭਵਿੱਖਬਾਣੀ) ਅਨੁਸਾਰ ਹੀ ਆਉਣ ਵਾਲੇ ਮਸੀਹ ਮੌਊਦ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦਾ ਗ਼ੁਲਾਮ ਅਤੇ ਆਪਦਾ ਪੈਰ੍ਹੋ ਨਬੀ ਮੰਨ੍ਹਦੇ ਹਾਂ । ਹਰ ਅਹਮਦੀ ਬੱਚੇ ਅਤੇ ਨੌਜੁਆਨ ਦਾ ਫ਼ਰਜ਼ ਹੈ ਕਿ ਇਸਲਾਮ ਦੀ ਹਕੀਕੀ ਸਿੱਖਿਆ ਨਾਲ ਪੂਰੀ ਜਾਣਕਾਰੀ ਪ੍ਰਾਪਤ ਕਰਨ ਅਤੇ ਇਸ ਸਿੱਖਿਆ ਰਾਹੀਂ ਜਾਣਕਾਰੀ ਜਿਸ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਜੁੱਗ ਵਿੱਚ ਸਾਨੂੰ ਖੋਲ੍ਹਕੇ ਦੱਸੀ ਹੈ ਅਤੇ ਜਿਸ ਉਪੱਰ ਹੁਣ ਜਮਾਤ ਅਹਮਦੀਆ ਕਾਇਮ ਹੈ ਕਿ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਰੱਬ ਦੇ ਅੰਤਮ ਸ਼ਰਈ (ਸ਼ਰੀਅਤ ਵਾਲੇ) ਨਬੀ ਹਨ ਅਤੇ ਸ਼ਰੀਅਤ ਦੇ ਪੱਖੋਂ ਆਪ ਉਪੱਰ ਨਬੁਵੱਤ ਖ਼ਤਮ ਹੋ ਗਈ ਹੈ ਅਰਥਾਤ ਹੁਣ ਕੋਈ ਨਵੀਂ ਸ਼ਰੀਅਤ ਨਹੀਂ ਆ ਸਕਦੀ । ਇਸੇ ਪ੍ਰਕਾਰ ਕੁਰਆਨ ਕਰੀਮ ਅੰਤਮ ਸ਼ਰਈ (ਸ਼ਰੀਅਤ ਵਾਲੀ) ਕਿਤਾਬ ਹੈ ਅਤੇ ਇਸੇ ਪ੍ਰਕਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਗ਼ੁਲਾਮੀ ਵਿੱਚ ਆਉਣ ਵਾਲੇ ਆਪ ਦੇ ਗ਼ੁਲਾਮ ਨਬੀ ਹਨ ਆਪ ਦੀ ਸ਼ਰੀਅਤ ਨੂੰ ਜਾਰੀ ਰਖੱਣ ਵਾਲੇ ਨਬੀ ਹਨ ਜਿੰਨ੍ਹਾ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਸ਼ਰੀਅਤ ਨੂੰ ਹੀ ਦੁਨੀਆ ਵਿੱਚ ਫ਼ੈਲਾਉਂਣਾ ਹੈ । ਬਹਿਰਹਾਲ ਅਸੀਂ ਇਹੋ ਸੁਲੂਕ (ਵਰਤਾਉ) ਰੱਬ ਦਾ ਦੇਖਿਆ ਹੈ ਜੱਦ ਵੀ ਵਿਰੋਧਤਾਵਾਂ ਵੱਧੀਆਂ ਇਹਨਾਂ ਵਿਰੋਧਤਾਵਾਂ ਨੇ ਜਮਾਤ ਲਈ ਖਾਦ ਦਾ ਕੰਮ ਕੀਤਾ । ਇਸ ਨਾਲ ਨ ਤਾਂ ਸਾਨੂੰ ਕੋਈ ਚਿੰਤਾ ਸੀ ਅਤੇ ਨ ਹੈ ਅਤੇ ਨ ਹੀ ਹੋਣੀ ਚਾਹੀਦੀ ਹੈ । ਇਸ ਵਰਤਮਾਨ ਵਿਰੋਧਤਾ ਨਾਲ ਵੀ ਮੀਡੀਆ ਰਾਹੀਂ ਜਮਾਤ ਦਾ ਬਹੁਤ ਵਡੱਾ ਪਰੀਚੈ ਹੋਇਆ ਹੈ ਜੋ ਸ਼ਾਇਦ ਪਹਿਲਾਂ ਅਸੀਂ ਐਨ੍ਹੇ ਥੋੜੇ ਸਮੇਂ ਵਿੱਚ ਨਹੀਂ ਕਰ ਸਕਦੇ ਅਤੇ ਫਿਰ ਇਹ ਵੀ ਕਿ ਕਈ ਅਹਮਦੀ ਨੌਜੁਆਨ ਜੋ ਧਰਮ ਵਿੱਚ ਬਹੁਤੀ ਦਿਲਚਸਪੀ ਨਹੀਂ ਲੈਂਦੇ ਸਨ, ਉਹਨਾਂ ਨੂੰ ਵੀ ਜਮਾਤ ਨਾਲ ਜਾਂ ਦੂਰੀ ਬਣਾਈ ਰੱਖੀ ਪਰ ਇਸ ਮੀਡੀਆ ਰਾਹੀਂ ਉਹਨਾਂ ਨੂੰ ਪਤਾ ਚਲ ਗਿਆ ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਨਬੀ ਮੰਨ੍ਹਦੇ ਹਾਂ ਪਰ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੀ ਗ਼ੁਲਾਮੀ ਵਿੱਚ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਗ਼ੁਲਾਮੀ ਦਾ ਹੱਕ ਕਿਵੇਂ ਪੂਰਾ ਕੀਤਾ ਅਤੇ ਆਪ ਸਲਲੱਾਹੁ ਅਲੈਹਿ ਵਸਲਅਮ ਦੇ ਖ਼ਾਤਮਨੱਬਯੀਨ ਹੋਣ ਦੇ ਮੁਕਾਮ ਨੂੰ ਕਿਵੇਂ ਕਾਇਮ ਕਰਕੇ ਦਿਖਾਇਆ ਅਤੇ ਸਾਡਾ ਮਾਰਗਦਰਸ਼ਨ ਕਿਵੇਂ ਕੀਤਾ ? ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹੀ ਕੁਝ ਕਥਨ ਪੇਸ਼ ਕਰਦਾ ਹਾਂ । ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਨਿਸ਼ਚੇ ਹੀ ਚੇਤੇ ਰੱਖੋ ਕਿ ਕੋਈ ਮਨੁੱਖ ਮੁਸਲਮਾਨ ਨਹੀਂ ਹੋ ਸਕਦਾ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦਾ ਪੈਰ੍ਹੋ ਨਹੀਂ ਬਣ ਸਕਦਾ ਜੱਦ ਤੱਕ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੂੰ 'ਖ਼ਾਤਮਨੱਬੀਯੀਨ' ਯਕੀਨ ਨ ਕਰੇ ।

ਆਪ ਫ਼ਰਮਾਉਂਦੇ ਹਨ ਕਿ ਸਾਡਾ ਉਦੇਸ਼ ਜਿਸ ਦੇ ਲਈ ਰੱਬ ਨੇ ਸਾਡੇ ਦਿਲ ਵਿੱਚ ਜੋਸ਼ ਪਾਇਆ ਹੈ ਇਹੋ ਹੈ ਕਿ ਕੇਵਲ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੀ ਨਬੁਵੱਤ ਕਾਇਮ ਕੀਤੀ ਜਾਏ ਜੋ ਆਦਿ ਤੋਂ ਰੱਬ ਨੇ ਬੰਦਿਆਂ ਲਈ ਕਾਇਮ ਕੀਤੀ ਹੈ ਅਤੇ ਸਾਰੀਆਂ ਝੂਠੀਆਂ ਨਬੁਵੱਤਾਂ ਨੂੰ ਖੇਰੂੰ ਖੇਰੂੰ ਕਰ ਦਿੱਤਾ ਜਾਵੇ ਜੋ ਉਹਨਾਂ ਲੋਕਾਂ ਨੇ ਆਪਣੀਆਂ ਕੁਰੀਤੀਆਂ ਨਾਲ ਕਾਇਮ ਕੀਤੀਆਂ ਹਨ । ਇਹਨਾਂ ਸਾਰੀਆਂ ਗੱਦੀਆਂ ਨੂੰ ਦੇਖ ਲਓ ਅਤੇ ਅਮਲੀ ਤੌਰ'ਤੇ ਅਵਲੋਕਣ ਕਰੋ ਕਿ ਕੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੀ ਖ਼ਤਮੇ ਨਬੁਵੱਤ ਉਪੱਰ ਅਸੀਂ ਈਮਾਨ ਲਿਆਏ ਹਾਂ ਜਾਂ ਉਹ ? ਫ਼ਰਮਾਇਿਆ ਕਿ ਇਹ ਜ਼ੁਲਮ ਤੇ ਸ਼ਰਾਤ ਦੀ ਗੱਲ ਹੈ ਕਿ ਖ਼ਤਮੇ ਨਬੁਵੱਤ ਨਾਲ ਰੱਬ ਦਾ ਐਨ੍ਹਾ ਹੀ ਨਿਸ਼ਚਾ ਕਰਾਰ ਦਿੱਤਾ ਜਾਵੇ ਕਿ ਮੂੰਹ ਨਾਲ ਹੀ ਖ਼ਾਤਮਨੱਬੀਯਨ ਮੰਨੋ ਅਤੇ ਕਰਤੂਤਾਂ ਉਹੋ ਕਰੋ ਜੋ ਤੁਸੀਂ ਪਸੰਦ ਕਰਦੇ ਹੋ ਅਤੇ ਆਪਣੀ ਇਕ ਵਖੱਣੀ ਸ਼ਰੀਅਤ ਬਣਾ ਲਓ । 'ਬਗ਼ਦਾਦੀ ਨਮਾਜ਼' 'ਮਾਕੂਸ ਨਮਾਜ਼' ਆਦਿ ਘੜੀਆਂ ਹੋਈਆਂ ਹਨ ਫ਼ਰਮਾਇਆ ਕੁਰਆਨ ਕਰੀਮ ਜਾਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੇ ਅਮਲਾਂ ਵਿੱਚ ਵੀ ਇਸ ਦਾ ਕਿਤੇ ਕੁਝ ਪਤਾ ਲਗੱਦਾ ਹੈ ? ਅਤੇ ਅਜਿਹਾ ਹੀ 'ਯਾ ਸ਼ੇਖ਼ ਅਬਦੁਲ ਕਾਦਰ ਜੀਲਾਨੀ ਸ਼ੈਅਲੱਾਹ' ਕਹਿਣਾ, ਇਸ ਦਾ ਪ੍ਰਮਾਣ ਵੀ ਕਿਤੇ ਕੁਰਆਨ ਸ਼ਰੀਫ਼ ਵਿੱਚ ਨਹੀਂ ਮਿਲਦਾ ਹੈ ? ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਸਮੇਂ ਤਾਂ ਸ਼ੇਖ ਅਬਦੁਲ ਕਾਦਰ ਜੀਲਾਨੀ ਰਜ਼ੀ ਅਲੱਾਹ ਅਨਹੁ ਦਾ ਵੁਜੂਦ ਵੀ ਨਹੀਂ ਸੀ, ਫਿਰ ਕਿਸ ਨੇ ਦੱਸਿਆ ਸੀ, ਸ਼ਰਮ ਕਰੋ । ਕੀ ਇਸਲਾਮ

ਦੀ ਸ਼ਰੀਅਤ ਦੀ ਪਾਬੰਦੀ ਤੇ ਵਿਵਸਥਾ ਇਸੇ ਦਾ ਨਾਂ ਹੈ ? ਹੁਣ ਆਪ ਹੀ ਫ਼ੈਸਲਾ ਕਰੋ ਕਿ ਇਹਨਾਂ ਗੱਲਾਂ ਨੂੰ ਮੰਨ੍ਹ ਕੇ ਅਜਿਹੇ ਅਮਲ ਰੱਖ ਕੇ ਤੁਸੀਂ ਇਸ ਯੋਗ ਹੋ ਕਿ ਮੈਂਨੂੰ ਆਰੋਪ ਲਾਓ ਕਿ ਮੈਂ 'ਖਾਤਮਨੱਬੀਯੀਨ' ਦੀ ਮੁਹਰ ਨੂੰ ਤੋੜਿਆ ਹੈ । ਅਸਲ ਤੇ ਸੱਚੀ ਗੱਲ ਇਹੋ ਹੈ ਕਿ ਜੇਕਰ ਤੁਸੀਂ ਆਪਣੀਆਂ ਮਸਜਿਦਾਂ ਵਿੱਚ ਬਿਦਅਤਾਂ (ਬੁਰਾਈਆਂ) ਨੂੰ ਦਖ਼ਲ ਨ ਦਿੰਦੇ ਅਤੇ 'ਖ਼ਾਤਮਨੱਬੀਯੀਨ' ਸਲਲੱਾਹੁ ਅਲੈਹਿ ਵਸਲਅਮ ਦੀ ਸੱਚੀ ਨਬੁਵੱਤ ਉਪੱਰ ਈਮਾਨ ਲਿਆਕੇ ਆਪ ਸਲਲੱਾਹੁ ਅਲੈਹਿ ਵਸਲਅਮ ਦੇ ਅਮਲ ਦੇ ਢੰਗ ਤੇ ਪਦਚਿੰਨ੍ਹਾ ਨੂੰ ਅਪਣਾਉਂਦੇ ਤਾਂ ਫਿਰ ਮੇਰੇ ਆਉਣ ਦੀ ਕੀ ਲੋੜ ਸੀ । ਤੁਹਾਡੀਆਂ ਇਹਨਾ ਬਿਦਅਤਾਂ (ਬੁਰਾਈਆਂ) ਅਤੇ ਨਵੀਆਂ ਨਬੁਵੱਤਾਂ ਨੇ ਹੀ ਰੱਬ ਦੀ ਗ਼ੈਰਤ ਨੂੰ ਹਲੂਨਿਆ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੀ ਚਦੱਰ ਵਿੱਚ ਇਕ ਵਿਅਕਤੀ ਨੀਯੁਕਤ ਕਰੇ ਜੋ ਇਹਨਾਂ ਝੂਠੀਆਂ ਨਬੁਵੱਤਾਂ ਦੇ ਬੁਤਾਂ ਨੂੰ ਤੋੜ ਕੇ ਨਸ਼ਟ ਭ੍ਰਸ਼ਟ ਕਰ ਦੇਵੇ । ਇਸ ਲਈ ਇਸੇ ਕੰਮ ਲਈ ਰੱਬ ਨੇ ਮੈਂਨੂੰ ਭੇਜਿਆ ਹੈ ।

ਆਪ ਫ਼ਰਮਾਉਂਦੇ ਹਨ ਕਿ ਗੱਦੀ ਨਸ਼ੀਨਾਂ ਨੂੰ ਸਜੱਦੇ ਕਰਨਾ ਜਾਂ ਉਹਨਾਂ ਦੇ ਘਰਾਂ ਦਾ ਤਵਾਫ਼ (ਚਕੱਰ ਲਾਉਣੇ) ਕਰਨਾ ਇਹ ਤਾਂ ਬਿਲਕੁਲ ਮਮੂਲੀ ਤੇ ਸਾਧਾਰਣ ਗਲੱਾਂ ਹਨ । ਭਾਵ ਰੱਬ ਨੇ ਇਸ ਜਮਾਤ ਨੂੰ ਇਸੇ ਲਈ ਕਾਇਮ ਕੀਤਾ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਨਬੁਵੱਤ ਅਤੇ ਸਨਮਾਨ ਨੰ ਮੁੜ ਕਾਇਮ ਕੀਤਾ ਜਾਵੇ । ਇਕ ਵਿਅਕਤੀ ਜੋ ਕਿਸੇ ਦਾ ਪ੍ਰੇਮੀ ਅਖਵਾਉਂਦਾ ਹੈ ਜੇਕਰ ਉਸ ਜਿਹੇ ਹਜ਼ਾਰਾਂ ਹੋਰ ਵੀ ਹੋਣ ਤਾਂ ਉਸ ਦੇ ਇਸ਼ਕ ਤੇ ਪ੍ਰੇਮ ਦੀ ਵਿਲਖੱਣਤਾ ਕੀ ਰਹੀ । ਜੇਕਰ ਇਹ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੇ ਪ੍ਰੇਮ ਤੇ ਇਸ਼ਕ ਵਿੱਚ ਫ਼ਨਾ ਹਨ ਜਿਵੇਂ ਕਿ ਇਹ ਦਾਵਾ ਕਰਦੇ ਹਨ ਤਾਂ ਇਹ ਕੀ ਗੱਲ ਹੈ ਕਿ ਹਜ਼ਾਰਾਂ ਹੀ ਖ਼ਾਨਕਾਹਾਂ ਅਤੇ ਮਿਜ਼ਾਰਾਂ ਦੀ ਪੂਜਾ ਕਰਦੇ ਹਨ । ਪਵਿੱਤਰ ਮਦੀਨੇ ਤਾਂ ਜਾਂਦੇ ਹਨ ਪਰ ਅਜਮੇਰ ਅਤੇ ਹੋਰਨਾ ਖ਼ਾਨਕਾਹਾਂ'ਤੇ ਨੰਗੇ ਸਿਰ ਤੇ ਨੰਗੇ ਪੈਰ੍ਹੀਂ ਜਾਂਦੇ ਹਨ । ਪਾਕ ਪਟਨ ਦੀ ਖਿੜਕੀ ਵਿੱਚੋਂ ਲੰਘਣਾ ਹੀ ਮੁਕਤੀ ਲਈ ਬਹੁਤ ਸਮਝਦੇ ਹਨ । ਕਿਸੇ ਨੇ ਕੋਈ ਝੰਡਾ ਖੜਾ ਕਰ ਰੱਖਿਆ ਹੈ ਕਿਸੇ ਨੇ ਕੋਈ ਹੋਰ ਸੂਰਤ ਧਾਰਣ ਕੀਤੀ ਹੋਈ ਹੈ । ਉਹਨਾਂ ਲੋਕਾਂ ਦੇ ਉਰਸਾਂ ਤੇ ਮੇਲਿਆਂ ਨੂੰ ਦੇਖਕੇ ਇਕ ਸੱਚੇ ਮੁਸਲਮਾਨ ਦਾ ਦਿਲ ਕੰਬ ਜਾਂਦਾ ਹੈ ਕਿ ਇਹਨਾਂ ਨੇ ਇਹ ਕੀ ਬਣਾ ਰੱਖਿਆ ਹੈ । ਜੇਕਰ ਰੱਬ ਨੂੰ ਇਸਲਾਮ ਦੀ ਗ਼ੈਰਤ ਨ ਹੁੰਦੀ ਅਤੇ ( اِنَّ الدِّيْنَ عِنْدَ اللّٰهِ الْاِسْلَامُ ) 'ਇਨੱਦ ਦੀਨਾ ਇੰਦਲੱਾਹਿਲ ਇਸਲਾਮੁ' ਰੱਬ ਦਾ ਕਲਾਮ ਨ ਹੁੰਦਾ ਅਤੇ ਉਸ ਨੇ ਨ ਫ਼ਰਮਾਇਆ ਹੁੰਦਾ ਕਿ ( اِنَّا نَحْنُ نَزَّلْنَا الذِّكْرَ وَاِنَّا لَهٗ لَحٰفِظُوْنَ ) 'ਇਨੱਾ ਨਹਨੁ ਨਜ਼ੱਲ ਨਜ਼ ਜ਼ਿਕਰਾ ਵ ਇਨੱਾ ਲਹੁ ਲਹਾਫ਼ਿਜ਼ੂਨ' ਤਾਂ ਬੇਸ਼ਕ ਅੱਜ ਉਹ ਹਾਲਤ ਇਸਲਾਮ ਦੀ ਹੋ ਗਈ ਸੀ ਕਿ ਇਸ ਦੇ ਮਿਟਣ ਵਿੱਚ ਕੋਈ ਸੰਦੇਹ ਨਹੀਂ ਹੋ ਸਕਦਾ ਸੀ, ਪਰ ਰੱਬ ਦੀ ਗ਼ੈਰਤ ਨੇ ਜੋਸ਼ ਮਾਰਿਆ ਅਤੇ ਉਸ ਦੀ ਰਹਮਤ ਅਤੇ ਰੱਖਿਆ ਦੇ ਵਾਦੇ ਨੇ ਤਕਾਦਾ ਕੀਤਾ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੇ ਪ੍ਰਤੀਬਿੰਬ ਨੂੰ ਫਿਰ ਨਾਜ਼ਲ ਕਰੇ ਅਤੇ ਇਸ ਜ਼ਮਾਨੇ ਵਿਚੱ ਆਪਦੀ ਨਬੁਵੱਤ ਨੂੰ ਨਵੇਂ ਸਿਰਿਓਂ ਜੀਉਂਦਾ ਕਰਕੇ ਦਿਖਾਏ, ਇਉਂ ਉਸ ਨੇ ਇਸ ਸਿਲਸਿਲੇ (ਜਮਾਤ) ਨੂੰ ਕਾਇਮ ਕੀਤਾ ਅਤੇ ਮਹਦੀ ਬਣਾਕੇ ਭੇਜਿਆ ।

ਹਜ਼ੂਰ ਪੁਰ ਨੂਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਹਜ਼ਰਤ ਮਸੀਹ ਮੌਊਦ ਦੇ ਪ੍ਰਗਟ ਹੋਣ ਦਾ ਅਸਲ ਮੰਤਵ ਅਤੇ ਉਦੇਸ਼ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਸੱਦੇ ਹਨ : ਸਾਡਾ ਅਸਲ ਮੰਤਵ ਤੇ ਉਦੇਸ਼ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਜਲਾਲ ਨੂੰ ਪ੍ਰਕਟ ਕਰਨਾ ਹੈ ਅਤੇ ਆਪ ਦੀ ਅਜ਼ਮਤ (ਵੱਡਿਆਈ) ਨੂੰ ਕਾਇਮ ਕਰਨਾ ਹੈ । ਸਾਡਾ ਵਰਨਣ ਤਾਂ ਆਂਸ਼ਕ ਹੈ ਇਸ ਲਈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਵਿੱਚ ਸਮੋਹਣ ਤੇ ਵਾਧੇ ਦੀ ਸ਼ਕਤੀ ਹੈ ਅਤੇ ਇਸੇ ਵਾਧੇ ਵਿੱਚ ਸਾਡਾ ਵਰਨਣ ਹੈ । ਅਰਥਾਤ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਵਿੱਚ ਇਹ ਸ਼ਕਤੀ ਹੈ ਕਿ ਆਪ ਫ਼ੈਜ਼ ਪਹੁੰਚਾਉਣ ਵਾਲੇ ਤੇ ਲਾਭ ਪਹੁੰਚਾਉਣ ਵਾਲੇ ਹਨ ਅਤੇ ਇਸੇ ਫ਼ੈਜ਼ ਤੇ ਲਾਭ ਵਿੱਚ ਆਪ ਨੇ ਫ਼ਰਮਾਇਆ ਕਿ ਮੇਰਾ ਵੀ ਵਰਨਣ ਆ ਗਿਆ । ਇਹ ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲਅਮ ਦਾ ਫ਼ੈਜ਼ ਹੀ ਹੈ ਜਿਸ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਇਹ ਮੁਕਾਮ ਦਿੱਤਾ । ਇਸ ਲਈ ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲਅਮ ਦੇ ਫ਼ੈਜ਼ ਦੇ ਦਾਇਰੇ (ਵ੍ਰਿਤ) ਨੇ ਹਜ਼ਰਤ ਮਸੀਹ

ਮੌਊਦ ਅਲੈਹਿ ਸਲਾਮ ਨੂੰ ਆਪਣੇ ਅੰਦਰ ਸਮੋਹ ਲਿਆ ਅਤੇ ਹੁਣ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਜ਼ਿਕਰ (ਯਾਦ) ਨਾਲ ਹੀ ਆਪ ਦੇ ਸੱਚੇ ਪ੍ਰੇਮੀ ਦਾ ਜ਼ਿਕਰ ਵੀ ਸ਼ਮਾਲ ਹੋ ਗਿਆ ।

ਫਿਰ ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਆਪ ਦੇ ਪ੍ਰਕਟ ਹੋਣ ਦਾ ਮੰਤਵ ਇਹ ਹੈ ਕਿ ਮੁਸਲਮਾਨਾਂ ਨੂੰ ਇਕ ਹਜ਼ਾਰ ਸਾਲ ਦੇ ਹਨ੍ਹੇਰੇ ਦੇ ਜੁੱਗ ਕਰਕੇ ਜੋ ਨਵੀਆਂ ਗਲੱਾਂ ਅਤੇ ਬਿਦਅਤਾਂ (ਕੁਰੀਤੀਆਂ) ਪੈਦਾ ਹੋ ਗਈਆਂ ਸਨ ਉਹਨਾਂ ਦਾ ਸੁਧਾਰ ਹੋਵੇ, ਆਪ ਫ਼ਰਮਾਉਂਦੇ ਹਨ : ਫਿਰ ਮੈਂ ਕਹਿੰਦਾ ਹਾਂ ਕਿ ਰੱਬ ਵੱਲੋਂ ਜੋ ਆਉਂਦੇ ਹਨ ਉਹ ਕੋਈ ਬੁਰੀ ਗੱਲ ਤਾਂ ਨਹੀਂ ਕਹਿੰਦੇ, ਉਹ ਤਾਂ ਇਹੋ ਕਹਿੰਦੇ ਹਨ ਕਿ ਰੱਬ ਦੀ ਇਬਾਦਤ ਕਰੋ ਅਤੇ ਮਖ਼ਲੂਕ ਨਾਲ ਨੇਕੀ ਕਰੋ । ਨਮਾਜ਼ਾਂ ਪੜ੍ਹੋ ਅਤੇ ਜੋ ਉਣਤਾਈਆਂ ਧਰਮ ਵਿੱਚ ਪੈ ਗਈਆਂ ਹਨ ਉਹਨਾਂ ਨੂੰ ਕੱਢ ਦਿਓ । ਇਓਂ ਮੈਂ ਜੋ ਇਸ ਸਮੇਂ ਅਇਆ ਹਾਂ ਤਾਂ ਮੈਂ ਇਹਨਾਂ ਗ਼ਲਤੀਆਂ ਦੇ ਸੁਧਾਰ ਲਈ ਭੇਜਿਆ ਗਿਆ ਹਾਂ ਜੋ ਅੰਧਕਾਰ ਦੇ ਸਮੇਂ ਵਿੱਚ ਪੈਦਾ ਹੋ ਗਈਆਂ ਸਨ । ਸਭ ਤੋਂ ਵੱਡੀ ਗ਼ਲਤੀ ਇਹ ਹੈ ਕਿ ਰੱਬ ਦੀ ਅਜ਼ਮਤ ਅਤੇ ਜਲਾਲ ਨੂੰ ਮਿੱਟੀ ਵਿੱਚ ਰੋਲ੍ਹ ਦਿੱਤਾ ਗਿਆ ਹੈ । ਇਕ ਪਾਸੇ ਤਾਂ ਈਸਾਈ ਕਹਿੰਦੇ ਹਨ ਕਿ ਯਿਸੂ ਜੀਉਂਦੇ ਹਨ ਅਤੇ ਤੁਹਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਅਮ ਜੀਉਂਦੇ ਨਹੀਂ ਅਤੇ ਉਹ ਇਸੇ ਨਾਲ ਹਜ਼ਰਤ ਈਸਾ ਨੂੰ ਰੱਬ ਅਤੇ ਰੱਬ ਦਾ ਪੁਤੱਰ ਕਰਾਰ ਦਿੰਦੇ ਹਨ ਕਿਉਂਕਿ ਉਹ ਦੋ ਹਜ਼ਾਰ ਸਾਲ ਤੋਂ ਜੀਉਂਦੇ ਚਲੇ ਆ ਰਹੇ ਹਨ ਨ ਜ਼ਮਾਨੇ ਦਾ ਉਹਨਾਂ ਉਪੱਰ ਕੋਈ ਪ੍ਰਭਾਵ ਉਹਨਾਂ'ਤੇ ਹੋਇਆ ਅਤੇ ਦੂਜੇ ਪਾਸੇ ਮੁਸਲਮਾਨਾਂ ਨੇ ਇਹ ਸਵੀਕਾਰ ਕਰ ਲਿਆ ਕਿ ਬੇਸ਼ਕ ਮਸੀਹ ਜੀਉਂਦੇ ਅਕਾਸ਼ ਉਪੱਰ ਚਲੇ ਗਏ ਅਤੇ ਦੋ ਹਜ਼ਾਰ ਵਰ੍ਹਿਆਂ ਤੋਂ ਹੁਣ ਤੱਕ ਉਸੇ ਪ੍ਰਕਾਰ ਮੌਜੂਦ ਹਨ । ਕੋਈ ਤਬਦੀਲੀ ਕੋਈ ਪ੍ਰੀਵਰਤਨ ਉਹਨਾਂ ਦੀ ਹਾਲਤ ਅਤੇ ਸੂਰਤ ਵਿੱਚ ਨਹੀਂ ਆਇਆ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਮਰ ਗਏ । ਮੈਂ ਸਚੱ ਕਹਿੰਦਾ ਹਾਂ ਕਿ ਮੇਰਾ ਦਿਲ ਕੰਬ ਜਾਂਦਾ ਹੈ ਜੱਦ ਮੈਂ ਇਕ ਮੁਸਲਮਾਨ ਮੌਲਵੀ ਦੇ ਮੂੰਹੋਂ ਇਹ ਸ਼ਬਦ ਸੁਣਦਾ ਹਾਂ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਮਰ ਗਏ । ਜੀਉਂਦੇ ਨਬੀ ਨੂੰ ਮੁਰਦਾ ਰਸੂਲ ਕਰਾਰ ਦਿੱਤਾ ਗਿਆ ਇਸ ਤੋਂ ਵੱਧ ਕੇ ਹੋਰ ਬੇਹੁਰਮਤੀ (ਬੇ ਅਦਬੀ) ਤੇ ਬੇ ਇਜ਼ੱਤੀ ਇਸਲਾਮ ਦੀ ਕੀ ਹੋਵੇਗੀ, ਪਰ ਇਹ ਗ਼ਲਤੀ ਆਪ ਮੁਸਲਮਾਨਾਂ ਦੀ ਹੈ ਜਿੰਨ੍ਹਾ ਨੇ ਕੁਰਆਨ ਕਰੀਮ ਦੇ ਉਕੱਾ ਹੀ ਵਿਪਰੀਤ ਇਕ ਨਵੀਂ ਗੱਲ ਪੈਦਾ ਕਰ ਲਈ । ਕੁਰਆਨ ਸ਼ਰੀਫ਼ ਵਿੱਚ ਮਸੀਹ ਦੀ ਮੌਤ ਦਾ ਬਹੁਤ ਹੀ ਪ੍ਰਤਖ ਵਰਨਣ ਕੀਤਾ ਗਿਆ ਹੈ ਵੱਡੇ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ ਪਰ ਅਸਲ ਵਿੱਚ ਇਸ ਗ਼ਲਤੀ ਦਾ ਨਿਵਾਰਣ ਮੇਰੇ ਲਈ ਹੀ ਰੱਖਿਆ ਗਿਆ ਸੀ ਕਿਉਂਕਿ ਮੇਰਾ ਨਾਂ ਰੱਬ ਨੇ 'ਹਕਮ' (ਨਿਆ ਕਰਨ ਵਾਲਾ) ਰੱਖਿਆ ਹੈ ਰੱਬ ਨੇ ਜਿਸ ਨੂੰ 'ਹਕਮ' ਕਰਕੇ ਭੇਜਿਆ ਉਸ ਤੋਂ ਇਹ ਗੱਲ ਲੁਕੀ ਨਹੀਂ ਰਹਿ ਸਕਦੀ । ਭਲਾ ਦਾਈ ਤੋਂ ਢਿੱਡ ਲੁੱਕ ਸਕਦਾ ਹੈ । ਕੁਰਆਨ ਕਰੀਮ ਨੇ ਸਪਸ਼ਟ ਫ਼ੈਸਲਾ ਕਰ ਦਿੱਤਾ ਹੈ ਕਿ ਅੰਤਮ ਖ਼ਲੀਫ਼ਾ ਮਸੀਹ ਮੌਊਦ ਹੋਵੇਗਾ ਅਤੇ ਉਹ ਆ ਗਿਆ । ਹੁਣ ਵੀ ਜੇਕਰ ਕੋਈ ਇਸ'ਤੇ ਲਕੀਰ ਦਾ ਫ਼ਕੀਰ ਬਣਿਆ ਰਹੇਗਾ ਜੋ ਅੰਧਕਾਰ ਦੇ ਜੁੱਗ ਦਾ ਹੈ ਤਾਂ ਉਹ ਨ ਕੇਵਲ ਆਪਣਾ ਹਾਣ ਕਰੇਗਾ ਸਗੋਂ ਇਸਲਾਮ ਨੂੰ ਨੁਕਸਾਨ ਪਹੁੰਚਾਉਣ ਵਾਲਾ ਵੀ ਕਰਾਰ ਦਿੱਤਾ ਜਾਵੇਗਾ ਅਤੇ ਹਕੀਕਤ ਵਿੱਚ ਇਸ ਗ਼ਲਤ ਤੇ ਨਾਪਾਕ ਆਸਥਾ ਨੇ ਲਖੱਾਂ ਵਿਅਕਤੀਆਂ ਨੂੰ ਮੁਰਤਦ ਕਰ ਦਿੱਤਾ ਹੈ । ਇਸ ਉਸੂਲ ਨੇ ਇਸਲਾਮ ਦੀ ਸਖ਼ਤ ਹਤੱਕ (ਬੇਅਦਬੀ) ਕੀਤੀ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੀ ਤੌਹੀਨ । ਜੱਦ ਇਹ ਮੰਨ੍ਹ ਲਿਆ ਕਿ ਮੁਰਦਿਆਂ ਨੂੰ ਜੀਉਂਦਿਆਂ ਕਰਨ ਵਾਲਾ ਅਕਾਸ਼ ਉਪੱਰ ਜਾਣ ਵਾਲਾ ਅੰਤਮ ਨਿਆਂ ਕਰਨ ਵਾਲਾ ਯਿਸੂ ਮਸੀਹ ਹੀ ਹੈ ਤਾਂ ਫਿਰ ਸਾਡੇ ਸਬੀ ਕਰੀਮ ਸਲਲੱਾਹੁ ਅਲੈਹਿ ਵਸਲਅਮ ਤਾਂ ਕੁਝ ਵੀ ਨ ਹੋਏ । ਜੱਦ ਕਿ ਉਹਨਾਂ ਨੂੰ 'ਰਹਮਾਤੁਲ ਲਿਲਆਲਾਮੀਨ' ਕਿਹਾ ਗਿਆ ਅਤੇ ਉਹ ਸਮੂਹ ਮਾਨਵਤਾ ਲਈ ਰਸੂਲ ਬਣਕੇ ਆਏ । 'ਖ਼ਾਤਮਨੱਬੀਯੀਨ' ਉਹੋ ਹੋਏ । ਉਹਨਾਂ ਲੋਕਾਂ ਦਾ ਜੋ ਜਿੰਨ੍ਹਾ ਨੇ ਮੁਸਲਮਾਨ ਅਖਵਾਕੇ ਅਜਿਹੇ ਬੇਹੂਦਾ ਅਕੀਦੇ ਰਖੱਦੇ ਹਨ ਇਹ ਵੀ ਧਰਮ ਹੈ ਕਿ ਇਸ ਸਮੇਂ ਜੋ ਪੰਛੀ ਮੌਜੂਦ ਹਨ ਉਹਨਾਂ ਵਿੱਚੋਂ ਕੁਝ ਮਸੀਹ ਦੇ ਹਨ ਅਤੇ ਕੁਝ ਰੱਬ ਦੇ । ''ਨਊਜ਼ ਬਿਲੱਾਹ ਮਿਨ ਜ਼ਾਲਿਕ'' ਮੈਂ ਇਕ ਵਾਰ ਇਕ ਮੁਸਲਮਾਨ ਨੂੰ ਪੁੱਛਿਆ ਕਿ ਜੇਕਰ ਇਸ ਸਮੇਂ ਦੋ ਪੰਛੀ ਪੇਸ਼ ਕੀਤੇ ਜਾਣ ਅਤੇ ਪੁੱਛਿਆ ਜਾਵੇ ਕਿ ਰੱਬ ਦਾ ਕਿਹੜਾ ਹੈ ਅਤੇ ਮਸੀਹ ਦਾ ਕਿਹੜਾ ਤਾਂ ਉਸ ਨੇ ਉਤੱਰ ਦਿਤੱਾ ਕਿ ਰਲਮਿਲ ਹੀ ਗਏ ਹਨ ।

ਹਜ਼ੂਰ ਪੁਰਨੂਰ ਅਯੱਦਾਹੁੱਲਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਹੁਣ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕੁਝ ਹੋਰ ਆਦੇਸ਼ ਤੇ ਗੱਲਾਂ ਪੇਸ਼ ਕਰਦਾ ਹਾਂ ਜਿੰਨ੍ਹਾ ਵਿੱਚੋਂ ਆਪ ਜੀ ਦੇ ਚਰਿਤ੍ਰ ਦੇ ਕੁਝ ਪੱਖ ਉਜਾਗਰ ਹੁੰਦੇ ਹਨ ਅਤੇ ਪਤਾ ਲਗੱਦਾ ਹੈ ਕਿ ਆਪ ਆਪਣੇ ਆਕਾ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੇ ਮੁਕਾਮ ਤੇ ਮਰਤਬੇ ਨੂੰ ਨ ਕੇਵਲ ਵਿਦਿਅਕ ਅਤੇ ਬੌਧਕ ਰੂਪ ਵਿੱਚ ਪ੍ਰਮਾਣਤ ਕਰਨ ਵਾਲੇ ਸਨ ਸਗੋਂ ਇਸਲਾਮ ਦੀ ਸਿੱਖਿਆ ਦਾ ਪ੍ਰਕਟਨ ਵੀ ਆਪ ਦੀ ਸਿੱਖਿਆ ਤੇ ਅਮਲ ਨਾਲ ਹੁੰਦਾ ਹੈ ।

ਇਕ ਵਾਰ ਇਕ ਵਿਅਕਤੀ ਅਬਦੁਲ ਹੱਕ ਨਾਂ ਦਾ ਨੌਜੁਆਨ ਜੋ ਈਸਾਈ ਹੋ ਗਿਆ ਸੀ । ਸੱਚ ਦੀ ਭਾਲ ਵਿੱਚ ਕਾਦੀਆਂ ਆਇਆ ਅਤੇ ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਪਾਸ ਕੁਝ ਸਮਾਂ ਠਹਿਰਿਆ । ਵੱਖ ਵੱਖ ਮੁਲਾਕਾਤਾਂ ਵਿੱਚ ਆਪ ਅਲੈਹਿ ਸਲਾਮ ਉਹਨਾਂ ਨੂੰ ਮਸਲੇ ਵਰਨਣ ਕਰਦੇ ਸਨ । ਇਕ ਦਿਨ ਉਹਨਾਂ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਕਿਹਾ ਕਿ ਇਕ ਈਸਾਈ ਦੇ ਸਾਹਮਣੇ ਜੱਦ ਆਪ ਦਾ ਨਾਂ ਲਿਆ ਤਾਂ ਉਸ ਦੇ ਆਪਨੂੰ ਗਾਲ੍ਹ ਕੱਢੀ । ਮੈਂਨੂੰ ਇਹ ਬਹੁਤ ਹੀ ਭੈੜਾ ਲੱਗਿਆ । ਆਪ ਨੇ ਫ਼ਰਮਾਇਆ ਕਿ ਗਾਲ੍ਹਾਂ ਦਿੰਦੇ ਹਨ, ਉਸ ਦੀ ਮੈਂਨੂੰ ਕੋਈ ਪਰਵਾਹ ਨਹੀਂ ਹੈ । ਬਹੁਤ ਸਾਰੇ ਪਤੱਰ ਮੈਂਨੂੰ ਗਾਲ੍ਹਾਂ ਦੇ ਆਉਂਦੇ ਹਨ ਜਿੰਨ੍ਹਾਂ ਦਾ ਡਾਕਖਰਚ ਵੀ ਮੈਂਨੂੰ ਦੇਣਾ ਪੈਂਦਾ ਹੈ ਅਤੇ ਖੋਲਦਾ ਹਾਂ ਤਾਂ ਗਾਲ੍ਹਾ ਹੁੰਦੀਆਂ ਹਨ । ਇਸਤਿਹਾਰਾਂ ਵਿੱਚ ਗਾਲ੍ਹਾਂ ਦਿੱਤੀਆਂ ਜਾਂਦੀਆਂ ਹਨ । ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਕੱਲ ਵੀ ਇਹੋ ਹਾਲ ਹੈ ਪਾਕਿਸਤਾਨ ਵਿੱਚ ਵੱਡੇ ਵੱਡੇ ਇਸ਼ਤਿਹਾਰ ਲਗੱਦੇ ਹਨ ਅਤੇ ਹੁਣ ਤਾਂ ਖੁੱਲੇ ਲਿਫ਼ਾਫ਼ਿਆਂ ਉਪੱਰ ਗਾਲ੍ਹਾਂ ਲਿੱਖ ਕੇ ਭੇਜਦੇ ਹਨ । ਪਰ ਇਹਨਾਂ ਗੱਲਾਂ ਨਾਲ ਕੀ ਹੁੰਦਾ ਹੈ । ਰੱਬ ਦਾ ਨੂਰ ਕਿਤੇ ਬੁੱਝ ਸਕਦਾ ਹੈ ? ਹਮੇਸ਼ਾ ਹੀ ਨਬੀਆਂ ਤੇ ਨੇਕ ਵਿਅਕਤੀਆਂ ਦੇ ਨਾਲ ਨਾਸ਼ੁਕਰਿਆਂ ਦਾ ਇਹੋ ਵਤੀਰਾ ਹੁੰਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਜਿਸ ਦੇ ਪੱਦਚਿੰਨ੍ਹਾ'ਤੇ ਆਏ ਹਾਂ ਅਰਥਾਤ ਮਸੀਹ ਈਸਾ, ਉਸ ਦੇ ਨਾਲ ਕੀ ਹੋਇਆ । ਕਿਉਂਕਿ ਇਹ ਈਸਾਈ ਹੋ ਗਏ ਸਨ, ਇਸ ਲਈ ਮਸੀਹ ਈਸਾ ਦੀ ਉਧਾਰਣ ਪੇਸ਼ ਕੀਤੀ ਕਿ ਉਹਨਾਂ ਨਾਲ ਵੀ ਤਾਂ ਇਹੋ ਹੋਇਆ ਸੀ ਗਾਲ੍ਹਾਂ ਦਿੱਤੀਆਂ ਗਈਆਂ ਸਨ ਅਤਿਆਚਾਰ ਹੋਇਆ । ਸਲੀਬ ਉਪੱਰ ਵੀ ਚੜ੍ਹਾਇਆ ਗਿਆ ਫਿਰ ਫ਼ਰਮਾਇਆ ਅਤੇ ਸਾਡੇ ਸਬੀ ਕਰੀਮ ਸਲਲੱਾਹੁ ਅਲੈਹਿ ਵਸਲਅਮ ਨਾਲ ਕੀ ਹੋਇਆ । ਹੁਣ ਤੱਕ ਨਾਪਾਕ ਤੇ ਭੈੜੇ ਲੋਕ ਗਾਲ੍ਹਾਂ ਦਿੰਦੇ ਹਨ । ਮੈਂ ਤਾਂ ਮਨੁੱਖ ਜਾਤੀ ਦਾ ਖ਼ੈਰਖਵਾਹ ਹਾਂ । ਜੋ ਮੈਂਨੂੰ ਦੁਸ਼ਮਣ ਸਮਝਦਾ ਹੈ ਉਹ ਆਪ ਆਪਣੀ ਜਾਨ ਦਾ ਦੁਸ਼ਮਣ ਹੈ ।

ਜਿਵੇਂ ਕਿ ਮੈਂ ਕਿਹਾ ਕਿ ਇਹ ਅਬਦੁਲ ਹੱਕ ਨਾਂ ਦਾ ਵਿਅਕਤੀ ਕਈ ਦਿਨ ਓਥੇ ਰਿਹਾ ਅਤੇ ਆਪ ਨਾਲ ਗੱਲ ਬਾਤ ਚਲਦੀ ਰਹੀ ਅਤੇ ਆਪ ਉਹਨਾਂ ਦੇ ਵੱਖ ਵੱਖ ਪ੍ਰਸ਼ਨਾ ਦੇ ਉਤੱਰ ਦਿੰਦੇ ਰਹੇ ਇਕ ਦਿਨ ਹਜ਼ਰਤ ਮਸੀਹ ਮੌਊਦ ਅਲੈਹਿ ਨਲਾਮ ਨੇ ਉਹਨਾਂ ਨੂੰ ਫ਼ਰਮਾਇਆ ਕਿ ਮੈਂ ਆਪ ਨੂੰ ਵਾਰ ਵਾਰ ਇਹੋ ਕਹਿੰਦਾ ਹਾਂ ਕਿ ਜੱਦ ਤੱਕ ਆਪ ਦੀ ਸਮਝ ਵਿੱਚ ਕੋਈ ਗੱਲ ਨ ਆਵੇ ਅਪ ਉਸ ਨੂੰ ਵਾਰ ਵਾਰ ਪੁੱਛੇ ਨਹੀਂ ਤਾਂ ਇਹ ਤਰੀਕਾ ਠੀਕ ਨਹੀ ਕਿ ਇਕ ਗੱਲ ਨੂੰ ਆਪ ਨ ਸਮਝਣ ਅਤੇ ਕਹਿ ਦੇਣ ਕਿ ਸਮਝ ਲਿਆ । ਇਸ ਦਾ ਸਿੱਟਾ ਬੁਰਾ ਹੁੰਦਾ ਹੈ । ਇਹ ਆਪ ਦਾ ਹੌਸਲਾ ਸੀ ਕਿ ਆਪ ਵਾਰ ਵਾਰ ਕਹਿੰਦੇ ਸਨ ਕਿ ਪੁੱਛੋ । ਆਪ ਅਲੈਹਿ ਸਲਾਮ ਦੀ ਤੜਪ ਸੀ ਕਿ ਲੋਕਾਂ'ਤੇ ਸੱਚਾਈ ਖੁੱਲੇ ਅਤੇ ਉਹ ਉਸ ਨੂੰ ਕੁਬੂਲ ਕਰਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਕ ਘਟਨਾ ਇਕ ਰੋਗੀ ਦੇ ਹਾਲ ਚਾਲ ਪੁਛੱਣ ਦੀ ਵਰਨਣ ਕਰਦਾ ਹਾਂ ਪਰ ਇਸ ਵਿੱਚ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਦੁਆ ਬਾਰੇ ਵਰਨਣ ਕਰਦਿਆਂ ਹੋਇਆਂ ਅੱਜ ਕੱਲ ਦੇ ਪੀਰਾਂ ਫ਼ਕੀਰਾਂ ਵਾਂਗ ਆਪਣੀ ਵੱਡਿਆਈ ਵਰਨਣ ਨਹੀਂ ਕੀਤੀ ਕਿ ਮੈਂ ਦੁਆ ਕਰਾਂਗਾ ਅਤੇ ਮੇਰੀ ਦੁਆਵਾਂ ਕੁਬੂਲ ਹੁੰਦੀਆਂ ਹਨ ਸਗੋਂ ਰੱਬ ਦੇ ਇਕ ਹੋਣ ਅਤੇ ਦੁਆ ਦੀ ਕੁਬਲੀਯਤ ਦੇ ਫ਼ਲਸਫ਼ੇ ਅਤੇ ਆਪਣੀ ਹਾਲਤ ਨੂੰ ਰੱਬ ਦੀ ਮਰਜ਼ੀ ਅਨੁਸਾਰ ਢਾਲਣ ਬਾਰੇ ਵਰਨਣ ਕੀਤਾ । ਗੱਲ ਇਉਂ ਹੈ ਕਿ ਕੁਰੈਸ਼ੀ ਸਾਹਬ ਕਈ ਦਿਨਾਂ ਤੋਂ ਬਿਮਾਰ ਹੋਕੇ ਦਾਰੁਲਅਮਾਨ (ਕਾਦੀਆ) ਵਿੱਚ ਹਜ਼ਰਤ ਹਕੀਮ ਸਾਹਬ ਕੋਲ ਇਲਾਜ ਲਈ ਆਏ ਹੋਏ ਸਨ । ਉਹਨਾਂ ਨੇ ਕਈ ਵਾਰ ਹਜ਼ਰਤ ਹੁਜੱਾਤੁਲੱਾਹ ਦੀ ਹਜ਼ੂਰੀ ਵਿੱਚ ਦੁਆ ਲਈ ਬਿਨਤੀ ਕੀਤੀ । ਆਪ ਨੇ ਫ਼ਰਮਾਇਆ ਅਸੀਂ ਦੁਆ ਕਰਾਂਗੇ ਇਕ ਦਿਨ ਆਪ ਉਹਨਾਂ ਦੇ ਘਰ ਚਲੇ ਗਏ । ਫ਼ਰਮਾਇਆ ਕਿ ਮੈਂ ਦੁਆ ਕੀਤੀ ਹੈ । ਪਰ ਅਸਲ ਗੱਲ ਇਹ ਹੈ ਕਿ ਨਿਰੀ ਦੁਆਵਾਂ ਕੁਝ ਨਹੀਂ ਕਰ ਸਕਦੀਆਂ ਹਨ ਜੱਦ ਤੱਕ ਰੱਬ ਦੀ ਮਰਜ਼ੀ ਤੇ ਹੁਕਮ ਨ ਹੋਵੇ । ਰੱਬ ਜੱਦ ਆਪਣੀ ਮਿਹਰ ਕਰਦਾ ਹੈ

ਤਾਂ ਕੋਈ ਕਸ਼ਟ ਬਾਕੀ ਨਹੀਂ ਰਹਿੰਦਾ, ਪਰ ਇਸ ਲਈ ਜ਼ਰੂਰੀ ਸ਼ਰਤ ਹੈ ਕਿ ਇਨਸਾਨ ਆਪਣੇ ਅੰਦਰ ਤਬਦੀਲੀ ਪੈਦਾ ਕਰੇ । ਫਿਰ ਜਿਸ ਨੂੰ ਦੇਖਦਾ ਹੈ ਕਿ ਇਹ ਲਾਹੇਵੰਦ ਵੁਜੂਦ ਹੈ ਤਾਂ ਉਸ ਦੇ ਜੀਵਨ ਵਿੱਚ ਤਰੱਕੀ ਦੇ ਦਿੰਦਾ ਹੈ ਅਰਥਾਤ ਉਸ ਦੀ ਉਮਰ ਵਧਾ ਦਿੰਦਾ ਹੈ ।

ਸਚੱ ਇਹੋ ਹੈ ਕਿ ਰੱਬ ਦੇ ਹੁਕਮ ਤੋਂ ਬਿਨਾਂ ਹਰ ਇਕ ਕਿਣਕਾ ਜੋ ਮਨੁੱਖ ਅੰਦਰ ਜਾਂਦਾ ਹੈ ਕਦੇ ਵੀ ਲਾਹੇਵੰਦ ਨਹੀਂ ਹੋ ਸਕਦਾ । ਤੌਬਾ ਤੇ ਇਸਤਗ਼ਫ਼ਾਰ ਬਹੁਤ ਕਰਨੀ ਚਾਹੀਦੀ ਹੈ ਤਾਂ ਜੋ ਰੱਬ ਆਪਣੀ ਮਿਹਰ ਕਰੇ । ਜੱਦ ਰੱਬ ਦੀ ਮਿਹਰ ਆਉਂਦੀ ਹੈ ਤਾਂ ਦੁਆ ਕੁਬੂਲ ਹੁੰਦੀ ਹੈ । ਹਜਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਮੇਰਾ ਧਰਮ ਇਹ ਹੈ ਕਿ ਜੱਦ ਤੱਕ ਦੁਸ਼ਮਣ ਲਈ ਦੁਆ ਨ ਕੀਤੀ ਜਾਵੇ ਪੂਰਨ ਰੂਪ ਵਿੱਚ ਹਿੱਕ ਸਾਫ਼ ਨਹੀਂ ਹੁੰਦੀ । ਉਦਊਨੀ ਅਸਤਾਜਿਬਲਾਕੁਮ (اُدۡعُوۡنِیۡۤ اَسۡتَجِبۡ لَکُمۡ) ਵਿੱਚ ਰੱਬ ਨੇ ਕੈਦ ਨਹੀਂ ਲਾਈ ਹੈ ਕਿ ਦੁਸਮਣ ਲਈ ਦੁਆ ਕਰੋ ਤਾਂ ਕੁਬੂਲ ਨਹੀਂ ਕਰਾਂਗਾ ਸਗੋਂ ਮੇਰਾ ਤਾਂ ਇਹ ਧਰਮ ਹੈ ਕਿ ਦੁਸ਼ਮਣ ਲਈ ਦੁਆ ਕਰਨਾ ਵੀ ਸੁਨੱਤੇ ਨਬਵੀ ਸਲਲੱਾਹੁ ਅਲੈਹਿ ਵਸਲਅਮ ਹੈ । ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਇਸੇ ਤਰ੍ਹਾਂ ਮੁਸਲਮਾਨ ਹੋਏ ਸਨ । ਹਜ਼ਰਤ ਮੁਮਹਮੱਦ ਸਲਲੱਾਹੁ ਅਲੈਹਿ ਵਸਲਅਮ ਆਪ ਲਈ ਅਧਿਕਤਰ ਦੁਆ ਕੀਤਾ ਕਰਦੇ ਸਨ ਇਸ ਲਈ ਕੰਜੂਸੀ ਨਾਲ ਵਿਅਕਤੀਗੱਤ ਦੁਸ਼ਮਣੀ ਨਹੀਂ ਕਰਨੀ ਚਾਹੀਦੀ । ਅਤੇ ਵਾਸਤਵ ਵਿੱਚ ਦੁਖਦਾਈ ਨਹੀਂ ਹੋਣਾ ਚਾਹੀਦਾ ਸ਼ੁਕਰ ਦੀ ਗੱਲ ਹੈ ਕਿ ਸਾਨੂੰ ਆਪਣਾ ਕੋਈ ਦੁਸ਼ਮਣ ਦਿਖਾਈ ਨਹੀਂ ਦਿੰਦਾ ਜਿਸ ਦੇ ਲਈ ਦੋ ਤਿੰਨ ਵਾਰ ਦੁਆ ਨ ਕੀਤੀ ਹੋਵੇ । ਇਕ ਵੀ ਅਜਿਹਾ ਨਹੀਂ ਅਤੇ ਇਹੋ ਮੈਂ ਤੁਹਾਨੂੰ ਕਹਿੰਦਾ ਹਾਂ ।

ਅਖੀਰ ਵਿੱਚ ਹਜ਼ੂਰ ਅਨਵਰ ਅਯੱਦਾਹੁੱਲਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਸੋ, ਇਹ ਕੁਝ ਗੱਲਾਂ ਹਨ ਜੋ ਮੈਂ ਵਰਨਣ ਕੀਤੀਆਂ ਹਨ, ਉਸ ਬਹੁਤ ਵੱਡੇ ਖ਼ਜ਼ਾਨੇ ਵਿੱਚੋਂ ਹਨ ਜੋ ਆਪ ਨੇ ਸਾਡੇ ਸਾਹਮਣੇ ਸਹੀ ਇਸਲਾਮੀ ਸਿੱਖਿਆ ਅਤੇ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੇ ਚਰਿਤ੍ਰ ਅਨੁਸਾਰ ਰੱਖਿਆ ਹੈ ਜਿਸ ਤੋਂ ਪ੍ਰਕਟ ਹੁੰਦਾ ਹੈ ਕਿ ਆਪ ਅਲੈਹਿ ਸਲਾਮ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਅਤੇ ਕੁਰਆਨ ਕਰੀਮ ਦੀ ਸਿੱਖਿਆ ਨੂੰ ਅਪਨਾਉਣ ਤੇ ਆਪਣੇ ਉਪੱਰ ਲਾਗੂ ਕਰਨ ਦਾ ਹੱਕ ਪੂਰਾ ਕੀਤਾ ਹੈ । ਖ਼ਤਮੇ ਨਬੁਵੱਤ ਦਾ ਨ ਕਵੇਲ ਨਾਰਾ ਲਾਇਆ ਸਗੋਂ ਆਪ ਜੀ ਦਾ ਹਰ ਕਥਨ ਤੇ ਕਰਮ ਆਪਣੇ ਆਕਾ ਦੀ ਪੈਰ੍ਹਵੀ ਵਿੱਚ ਸੀ ਅਤੇ ਉਸੇ ਦੀ ਸ਼ਰੀਅਤ ਨੂੰ ਹੀ ਕਾਇਮ ਕਰਨ ਦੀ ਤੜਪ ਸੀ ਤਾਂ ਜੋ ਦੁਨੀਆ ਨੂੰ ਪਤਾ ਚੱਲੇ ਕਿ ਇਹ ਸੁੰਦਰ ਸਿੱਖਿਆ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਉਪੱਰ ਉਤੱਰੀ ਹੈ ਇਹੋ ਅਸਲ ਮੁਕਤੀ ਹੈ ਅਤੇ ਆਪਣੇ ਮਨ੍ਹਣ ਵਾਲਿਆਂ ਨੂੰ ਵੀ ਆਪ ਨੇ ਇਸ'ਤੇ ਅਮਲ ਕਰਨ ਦੀ ਨਸੀਹਤ ਕੀਤੀ ਅਤੇ ਆਦੇਸ਼ ਦਿੱਤੇ ।

ਅਲੱਾਹ ਤਆਲਾ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਵਿੱਚ ਸ਼ਾਮਲ ਹੋਣ ਦੇ ਹੱਕ ਪੂਰੇ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ਜਿੱਥੇ ਅਮਲੀ ਨਮੂਨੇ ਕੁਰਆਨ ਕਰੀਮ ਅਤੇ ਸੁਨੱਤੇ ਰਸੂਲ ਅਨੁਸਾਰ ਕਾਇਮ ਕਰਨ ਦੀ ਤੌਫ਼ੀਕ ਦੇਵੇ ਉੱਥੇ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਦੇ ਮੁਕਾਮ ਤੇ ਮਰਤਬੇ ਦਾ ਉਚਿਤ ਤੇ ਸਹੀ ਅਨੁਪਾਲਣ ਵੀ ਸਾਨੂੰ ਪ੍ਰਦਾਨ ਕਰੇ ਅਤੇ ਇਸਲਾਮ ਦਾ ਹਕੀਕੀ ਚਿਤੱਰ ਅਸੀਂ ਦੁਨੀਆਂ ਨੂੰ ਦਿਖਾਉਣ ਵਾਲੇ ਹੋਈਏ ।

**Khulasa Khutba 29.04.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131